ਇਸਤਿਹਾਰ ਨੰਬਰ : 6 ਆਫ 2015 ਡਿਟੇਲਡ ਸੂਚਨਾ ਜਾਣ - ਪਹਿਚਾਣ

ੳ) ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਦੀ ਸਥਾਪਨਾ ਭਾਰਤੀ ਸੰਵਿਧਾਨ ਦੀ ਧਾਰਾ 309 ਤਹਿਤ ਕੀਤੀ ਗਈ ਹੈ । ਜਿਸ ਦਾ ਮੁੱਖ ਮੰਤਵ ਪੰਜਾਬ ਸਰਕਾਰ ਦੇ ਅਦਾਰਿਆਂ ਵੱਲੋਂ ਪ੍ਰਾਪਤ ਕੀਤੇ ਮੰਗ ਪੱਤਰਾਂ ਅਨੁਸਾਰ ਪੰਜਾਬ ਸਰਕਾਰ ਦੇ ਅਦਾਰਿਆਂ ਵਿੱਚ ਗਰੁੱਪ *ਸੀ* ਸੇਵਾਵਾਂ ਦੇ ਅਮਲੇ ਦੀ ਭਰਤੀ ਕਰਨਾ ਹੈ।

**ਖੇਤੀਬਾੜੀ ਉਪ ਨਿਰੀਖਕ (ਖੇਤੀਬਾੜੀ ਵਿਭਾਗ), ਫੌਰੈਸਟਰ, ਭਲਾਈ ਕਰਮਚਾਰੀ, ਜਿਲਦ ਸਾਜ, ਸੈਰੀਕਲਚਰ ਉਪਰੇਟਰ, ਸੈਰੀਕਲਚਰ ਪ੍ਰਮੋਸ਼ਨ ਅਫਸਰ, ਸੀਨੀਅਰ ਸੈਰੀਕਲਚਰ ਪ੍ਰਮੋਸ਼ਨ ਅਫਸਰ, ਮੈਨੇਜਰ ਸੈਰੀਕਲਚਰ, ਲੈਬਾਰਟਰੀ ਸਹਾਇਕ, ਜੂਨੀਅਰ ਤਕਨੀਸ਼ੀਅਨ, ਬਾਗਬਾਨ਼ੀ ਉਪ ਨਿਰੀਖਕ, ਕਲਰਕ-ਕਮ-ਗਾਈਡ, ਜੂਨੀਅਰ ਫੀਲਡ ਇੰਨਵੈਸਟੀਗੇਟਰ, ਜੂਨੀਅਰ ਆਡੀਟਰ, ਖੇਤੀਬਾੜੀ ਉਪ ਨਿਰੀਖਕ (ਮੁੱਖ ਭੂਮੀਪਾਲ), ਸਰਵੇਅਰ ਅਤੇ ਆਟੋ-ਇਲੈਕਟ੍ਰੀਸ਼ਨ ਦੀਆਂ ਅਸਾਮੀਆਂ ਭਰਨ ਦੀ ਪ੍ਰਕ੍ਰਿਆ -2015**

ਇਸਤਿਹਾਰ ਨੰਬਰ: 6 ਆਫ 2015

ਪੰਜਾਬ ਸਰਕਾਰ ਦੇ ਵੱਖ ਵੱਖ ਵਿਭਾਗਾਂ ਤੋਂ ਮੰਗ-ਪੱਤਰ ਪ੍ਰਾਪਤ ਹੋਣ ਉਪਰੰਤ ਹੇਠ ਲਿਖੀਆਂ ਆਸਾਮੀਆਂ ਦੀ ਭਰਤੀ ਲਈ ਅਰਜੀਆਂ ਦੀ ਮੰਗ ਕੀਤੀ ਜਾਂਦੀ ਹੈ:-

ਨੋਟ :- ਇਹ ਇਸ਼ਤਿਹਾਰ ਵੱਖ - ਵੱਖ ਵਿਭਾਗਾਂ ਵੱਲੋਂ ਪ੍ਰਾਪਤ ਕੀਤੇ ਮੰਗ ਪੱਤਰਾਂ ਦੇ ਅਧਾਰ ਤੇ ਦਿੱਤਾ ਜਾ ਰਿਹਾ ਹੈ, ਇਸ ਵਿੱਚ ਕਿਸੇ ਵੀ ਤਰਾਂ ਦੀ ਰੱਦੋ ਬਦਲ ਕਰਨ ਦਾ ਹੱਕ ਬੋਰਡ ਕੋਲ ਰਾਖਵਾਂ ਹੋਵੇਗਾ ।

2. ਆਸਾਮੀਆਂ ਦਾ ਵਰਗੀਕਰਨ

| ਲੜੀ ਨੰ: | ਵਿਭਾਗ ਦਾ ਨਾਂ | ਅਸਾਮੀ ਦਾ ਨਾਂ | ਜਨਰਲ | ਅ.ਜ | ਪ.ਸ | ਸਾਬਕਾ ਫੌਜੀ (ਖੁਦ/ ਆਸ਼ਰਿਤ) | ਅੰਗਹੀਣ | ਖਿਡਾਰੀ | ਸੁਤੰਤਰਤਾ ਸੰਗਰਾਮੀ | ਕੁੱਲ |
|---|---|---|---|---|---|---|---|---|---|---|
| 1. | ਖੇਤੀਬਾੜੀ ਵਿਭਾਗ | ਖੇਤੀਬਾੜੀ ਉਪ ਨਿਰੀਖਕ | 98 | 49 | 24 | ਜ- 30<br>ਅ.ਜ 09<br>ਬੀ.ਸੀ. 04 | 07 | ਜ-05<br>ਅਜ 02 | 02 | 230 |
| 2. | ਵਣ ਵਿਭਾਗ | ਫੌਰੈਸਟਰ | 09 | 04 | 01 | ਜ-02 | - | - | - | 16 |
| 3. | ਡਾਇ: ਰੱਖਿਆ ਸੇਵਾਵਾਂ ਭਲਾਈ ਵਿਭਾਗ, ਪੰਜਾਬ | ਭਲਾਈ ਕਰਮਚਾਰੀ | - | - | - | ਜ-22<br>ਅ.ਜ.-8<br>ਪ.ਸ.-05<br>ਅੰਗਹੀਣ-02 | | - | - | 37 |
| 4. | ਪੁਰਾ ਲੇਖ ਵਿਭਾਗ | ਜਿਲਦ ਸਾਜ | 03 | 01 | - | - | - | - | - | 04 |
| 5. | ਬਾਗਬਾਨੀ | ਸੈਰੀਕਲਚਰ ਉਪਰੇਟਰ | 01 | 01 | -- | -- | -- | -- | -- | 02 |
| 6. | ਬਾਗਬਾਨੀ | ਸੈਰੀਕਲਚਰ ਪ੍ਰਮੋਸ਼ਨ ਅਫਸਰ | 02 | -- | -- | -- | -- | -- | -- | 02 |
| 7. | ਬਾਗਬਾਨੀ | ਸੀਨੀਅਰ ਸੈਰੀਕਲਚਰ ਪ੍ਰਮੋਸ਼ਨ ਅਫਸਰ | 01 | -- | -- | -- | -- | -- | -- | 01 |

| | | | | | | | | | | |
|---|---|---|---|---|---|---|---|---|---|---|
| 8. | ਬਾਗਬਾਨੀ | ਮੈਨੇਜਰ ਸੈਰੀਕਲਚਰ | 01 | 01 | -- | -- | -- | -- | -- | 02 |
| 9. | ਖੇਤੀਬਾੜੀ | ਲੈਬਾਰਟਰੀ ਸਹਾਇਕ | 13 | 06 | 03 | ਜ-03<br>ਅਜ-01 | 01 | ਜ-01 | -- | 28 |
| 10. | ਖੇਤੀਬਾੜੀ | ਜੂਨੀਅਰ ਟੈਕਨੀਸ਼ੀਅਨ | 40 | 16 | 08 | ਜ-06<br>ਅ.ਜ.-03<br>ਪ.ਸ.-02 | 02 | ਜ-01<br>ਅ.ਜ.-01 | 01 | 80 |
| 11. | ਬਾਗਬਾਨੀ | ਬਾਗਬਾਨੀ ਉਪ ਨਿਰੀਖਕ | 03 | 02 | 01 | 01 | ਗੂੰਗਾ ਬੋਲਾ-01 | – | – | 08 |
| 12. | ਯਾਤਰਾ ਵਿਭਾਗ | ਕਲਰਕ-ਕਮ ਗਾਈਡ | 01 | 01 | | – | – | – | – | 02 |
| 13. | ਉਦਯੋਗ ਤੇ ਕਾਮਰਸ | ਜੂਨੀਅਰ ਫੀਲਡ ਇਨਵੈਸਟੀਗੇਟਰ | 04 | 01 | 01 | ਪ.ਸ.-01 | 01 | ਅ.ਜ.-01 | – | 09 |
| 14. | ਕੰਟਰੋਲਰ ਛਪਾਈ ਤੇ ਲਿਖਣ ਸਮੱਗਰੀ | ਜੂਨੀਅਰ ਆਡੀਟਰ | 03 | 01 | | – | – | | – | 04 |
| 15. | ਮੁੱਖ ਭੂਮੀਪਾਲ | ਖੇਤੀਬਾੜੀ ਉਪ ਨਿਰੀਖਕ | 134 | 69 | 34 | 39 | ਗੂੰਗਾ ਬੋਲਾ-04<br>ਆਰਥੋ-05 | 08 | 03 | 296 |
| 16. | ਮੁੱਖ ਭੂਮੀਪਾਲ | ਸਰਵੇਅਰ | 142 | 94 | 41 | 45 | ਗੂੰਗਾ ਬੋਲਾ-05<br>ਆਰਥੋ-06 | 11 | 03 | 347 |
| 17. | ਮੁੱਖ ਭੂਮੀਪਾਲ | ਆਟੋ ਇਲੈਕਟਰੀਸ਼ਨ | 01 | – | – | – | | – | – | 01 |

ਉਪਰੋਕਤ ਆਸਾਮੀਆਂ ਤੇ ਭਰਤੀ ਲਈ ਬਿਨੈਕਾਰ ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਦੀ ਵੈਬਸਾਈਟ www.punjabsssb.gov.in ਤੇ ਆਨ-ਲਾਈਨ ਮਿਤੀ 11/01/2016 ਤੋ 10/02/2016 ਸ਼ਾਮ 5.00 ਵਜੇ ਤੱਕ ਅਪਲਾਈ ਕਰ ਸਕਦੇ ਹਨ।

3. ਵਿਦਿਅਕ ਯੋਗਤਾ / ਪੇਅ ਸਕੇਲ

| ਲੜੀ ਨੰ: | ਆਸਾਮੀ ਦਾ ਨਾਂ | ਵਿੱਦਿਅਕ ਯੋਗਤਾ | ਪੇਅ ਸਕੇਲ |
|---|---|---|---|
| 1. | ਖੇਤੀਬਾੜੀ ਉਪ ਨਿਰੀਖਕ | (a) Should have passed Senior Secondary Examination Part-II from a recognized University/Institution and should possess Two years Diploma Course in Agriculture from Punjab Agriculture University; or<br>(b) Should possess Bachelor Degree in Agriculture from a recognized University or Institution. | 5910-20200+ 2800 |

| | | | |
|---|---|---|---|
| 2. | ਫੌਰੈਸਟਰ | ੳ) 1) ਮਾਨਤਾ ਪ੍ਰਾਪਤ ਯੂਨੀਵਰਸਿਟੀ/ਸੰਸਥਾ ਤੋਂ ਸੀਨੀਅਰ ਸੈਕੰਡਰੀ ਪਾਰਟ-II ਸਾਇੰਸ ਵਿਸੇ ਨਾਲ ਪਾਸ ਕੀਤੀ ਹੋਵੇ ਅਤੇ ਸਰੀਰਕ ਮਾਪਦੰਡ ਹੇਠ ਲਿਖੇ ਅਨੁਸਾਰ ਹੋਣ:-<br>1) ਕੱਦ<br>ਪੁਰਸ਼ 167cms ਔਰਤ 150 cms<br>2) ਛਾਤੀ<br>ਬਿਨ੍ਹਾਂ ਫੁਲਾਏ 79 cms 74 cms<br>ਫੁਲਾਕੇ 84 cms 79 cms<br>ਅ) 13 ਕਿਲੋਮੀਟਰ ਵਾਕ ਮਰਦਾਂ ਲਈ ਅਤੇ 8 ਕਿਲੋਮੀਟਰ ਵਾਕ ਔਰਤਾਂ ਲਈ ਡੇਢ ਘੰਟੇ ਵਿੱਚ ਪੂਰੀ ਕਰਨੀ ਹੋਵੇਗੀ । | 10300 – 34800+4400 |
| 3. | ਭਲਾਈ ਕਰਮਚਾਰੀ | ਆਰਮੀ, ਨੇਵੀ ਜਾਂ ਏਅਰਫੋਰਸ ਦਾ ਸਾਬਕਾ ਸੈਨਿਕ ਜੂਨੀਅਰ ਕਮਿਸਨਡ ਅਫਸਰ, ਜੋ ਸਰਕਾਰੀ ਮਾਨਤਾ ਪ੍ਰਾਪਤ ਸੰਸਥਾ/ ਯੂਨੀਵਰਸਿਟੀ ਤੋਂ ਮੈਟ੍ਰਿਕ ਪਾਸ ਹੋਵੇ ਜਾਂ ਇਸ ਦੇ ਬਰਾਬਰ ਦਾ ਇੰਡੀਅਨ ਆਰਮੀ ਸਪੈਸਲ ਸਰਟੀਫਿਕੇਟ ਆਫ ਐਜੂਕੇਸਨ ਰੱਖਦਾ ਹੋਵੇ । | 5910– 20200+2400 |
| 4. | ਜਿਲਦ ਸਾਜ਼ | ਮਾਨਤਾ ਪ੍ਰਾਪਤ ਸੰਸਥਾ ਤੋਂ ਦਸਵੀਂ ਪਾਸ ਕੀਤੀ ਹੋਵੇ । ਕਿਸੇ ਸਰਕਾਰੀ/ਪਬਲਿਕ ਸੈਕਟਰ ਅੰਡਰਟੇਕਿੰਗ ਵਿੱਚ ਬੁੱਕ-ਬਾਈਡਿੰਗ ਦਾ ਤਿੰਨ ਸਾਲ ਦਾ ਤਜਰਬਾ ਰੱਖਦਾ ਹੋਵੇ । | 5910– 20200+1900+150 |
| 5. | ਸੈਰੀਕਲਚਰ ਉਪਰੇਟਰ | ਮਾਨਤਾ ਪ੍ਰਾਪਤ ਯੂਨੀਵਰਸਿਟੀ/ਸੰਸਥਾ ਤੋ ਬਾਇਓਲੋਜੀ/ਖੇਤੀਬਾੜੀ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਨਾਲ ਸੀਨੀਅਰ ਸੈਕਡਰੀ(10+2) ਪਾਸ ਕੀਤੀ ਹੋਵੇ । | 5910–20200+ 2000 |
| 6. | ਸੈਰੀਕਲਚਰ ਪ੍ਰਮਸ਼ੋਨ ਅਫਸਰ | ਮਾਨਤਾ ਪ੍ਰਾਪਤ ਯੂਨੀਵਰਸਿਟੀ/ਸੰਸਥਾ ਤੋ ਬਾਇਓਲੋਜੀ/ਖੇਤੀਬਾੜੀ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਨਾਲ ਸੀਨੀਅਰ ਸੈਕੰਡਰੀ (10+2) ਪਾਸ ਕੀਤੀ ਹੋਵੇ । | 5910–20200+ 2000 |
| 7. | ਸੀਨੀਅਰ ਸੈਰੀਕਲਚਰ ਪ੍ਰਮਸ਼ੋਨ ਅਫਸਰ | ਮਾਨਤਾ ਪ੍ਰਾਪਤ ਸੰਸਥਾ/ਯੂਨੀਵਰਸਿਟੀ ਤੋਂ ਬੈਚਲਰ ਆਫ ਸਾਇੰਸ ਦੀ ਡਿਗਰੀ ਬਾਇਓਲੋਜੀ/ਖੇਤੀਬਾੜੀ ਵਿਸ਼ਿਆਂ ਨਾਲ 50% ਅੰਕਾਂ ਸਹਿਤ ਪਾਸ ਕੀਤੀ ਹੋਵੇ। | 5910–20200+ 3000 |
| 8. | ਮੈਨੇਜਰ ਸੈਰੀਕਲਚਰ | ਮਾਨਤਾ ਪ੍ਰਾਪਤ ਸੰਸਥਾ/ਯੂਨੀਵਰਸਿਟੀ ਤੋਂ ਬੈਚਲਰ ਆਫ ਸਾਇੰਸ ਦੀ ਡਿਗਰੀ ਬਾਇਓਲੋਜੀ/ਖੇਤੀਬਾੜੀ ਵਿਸ਼ਿਆਂ ਨਾਲ 50% ਅੰਕਾਂ ਸਹਿਤ ਪਾਸ ਕੀਤੀ ਹੋਵੇ। | 5910–20200+ 3000 |
| 9. | ਲੈਬਾਰਟਰੀ ਸਹਾਇਕ | ਮਾਨਤਾ ਪ੍ਰਾਪਤ ਯੂਨੀਵਰਸਿਟੀ/ਸੰਸਥਾ ਤੋਂ ਸਾਇੰਸ ਵਿਸ਼ੇ ਸਹਿਤ 10+2 ਪਾਸ ਕੀਤੀ ਹੋਵੇ। | 5910–20200+ 2400 |
| 10. | ਜੂਨੀਅਰ ਟੈਕਨੀਸ਼ੀਅਨ | Should have passed the Senior Secondary Part-II Examination from a recognized University/Insitution;<br>(b) Should possess a certificate of Mechanic from Industrial Training Institute. | 5910– 20200+2400 |
| 11. | ਬਾਗਬਾਨੀ ਉਪ ਨਿਰੀਖਕ | Should have passed examination of Matriculation in second division or have passed Senior Secondary Part-II Examination or its equivalent from a recognized University/Institution<br>2) Should have passed one year horticulture supervisor training course from a recognized University/Institution. | 5910– 20200+2400 |
| 12. | ਕਲਰਕ-ਕਮ-ਗਾਈਡ | Should be a Graduate and should possess a certificate of receptionist-cum-book keeping course from a recongnised University/Institution | 10300– 34800+3200 |
| 13. | ਜੂਨੀਅਰ ਫੀਲਡ ਇੰਨਵੈਸਟੀਗੇਟਰ | Should be a Graduate in Economics and Mathematics from a recognized University. | 5910– 20200+1950 |
| 14. | ਜੂਨੀਅਰ ਆਡੀਟਰ | B.Com first Division or M.Com Second Division. | 10300– 34800+4400 |
| 15. | ਖੇਤੀਬਾੜੀ ਉਪ ਨਿਰੀਖਕ | Should have passed examination of matriculation in second division or have passed Senior Secondary Part-II Examination or equivalent from recongnised University/ Institution and;<br>b) Should have passed Agriculture Sub Inspector course from recongnised University/Institution. | 5910– 20200+2400 |
| 16. | ਸਰਵੇਅਰ | Should have passed matriculation examination in second division or have passed Senior Secondary Part-II Examination or equivalent from recongnised University/Institution. | 5910– 20200+2400 |

| | | | |
|---|---|---|---|
| | | b) Should have passed surveyer course from recongnised University/Institution. | |
| 17. | ਆਟੋ ਇਲੈਕਟਰੀਸਨ | a) Should have passed matriculation examination or equivalent from recongnised University/Institution.<br>b) Should possess a trade certificate of Auto Electrician from recongnised University/Institution.<br>c) Should have experience of working as Auto Electrician in reputed organization for a minimum period of two years | 5910-20200+2400 |

ਉਮੀਦਵਾਰਾਂ ਵੱਲੋਂ ਹਾਸਲ ਕੀਤੀ ਗਈ ਡਿਗਰੀ ਯੂ.ਜੀ.ਸੀ./ਡਿਸਟੈਂਸ ਐਂਜੂਕੇਸਨ ਕੌਂਸਲ ਦੁਆਰਾ ਜਾਰੀ ਗਾਈਡਲਾਈਨਜ/ ਹਦਾਇਤਾਂ ਅਨੁਸਾਰ ਹੋਣੀ ਚਾਹੀਦੀ ਹੈ।

4. ਉਕਤ ਸਾਰੀਆਂ ਆਸਾਮੀਆਂ ਲਈ ਦੱਸਵੀਂ ਪੱਧਰ ਦੀ ਪੰਜਾਬੀ ਪਾਸ ਹੋਵੇ।

5. ਤਨਖਾਹ ਸਬੰਧੀ ਪੰਜਾਬ ਸਰਕਾਰ ਦੇ ਵਿੱਤ ਵਿਭਾਗ (ਵਿੱਤ ਪ੍ਰਸੋਨਲ-1 ਸਾਖਾ) ਦਾ ਪੱਤਰ ਨੰ:7/204/2012-4ਐਫ.ਪੀ.1/66, ਮਿਤੀ 15/01/2015 ਲਾਗੂ ਹੋਵੇਗਾ।

6. ਪ੍ਰਕਾਸ਼ਤ ਕੀਤੀਆਂ ਗਈਆਂ ਆਸਾਮੀਆਂ ਵਿਚੋਂ ਉਮੀਦਵਾਰ ਯੋਗਤਾ ਅਨੁਸਾਰ ਹਰੇਕ ਆਸਾਮੀ ਲਈ ਵੱਖਰੇ ਤੌਰ ਤੇ ਅਪਲਾਈ ਕਰਨਗੇ।

7. ਉਕਤ ਦਰਸਾਈਆਂ ਸਾਰੀਆਂ ਆਸਾਮੀਆਂ ਦੀ ਗਿਣਤੀ ਘਟਾਈ/ਵਧਾਈ ਜਾ ਸਕਦੀ ਹੈ।

8. ਉਮਰ ਸੀਮਾ:-

ੳ) ਮਿਤੀ 1.1.2015 ਨੂੰ ਜਨਰਲ ਸ੍ਰੇਣੀ ਦੇ ਉਮੀਦਵਾਰ ਦੀ ਉਮਰ 18 ਸਾਲ ਤੋਂ ਘੱਟ ਅਤੇ 37 ਸਾਲ ਤੋਂ ਵੱਧ ਨਹੀ ਹੋਣੀ ਚਾਹੀਦੀ ।

ਅ) ਪੰਜਾਬ ਰਾਜ ਦੇ ਅਨੁਸੂਚਿਤ ਜਾਤੀ ਅਤੇ ਪੱਛੜੀ ਸ੍ਰੇਣੀ ਦੇ ਉਮੀਦਵਾਰਾਂ ਦੀ ਉਪਰਲੀ ਉਮਰ ਸੀਮਾ ਦੀ ਹੱਦ 42 ਸਾਲ ਹੋਵੇਗੀ ।

ੲ) ਰਾਜ ਅਤੇ ਕੇਂਦਰੀ ਸਰਕਾਰ ਦੇ ਕਰਮਚਾਰੀਆਂ ਦੀ ਉਪਰਲੀ ਉਮਰ ਸੀਮਾਂ ਵਿਚ 45 ਸਾਲ ਦੀ ਉਮਰ ਹੋਣ ਤੱਕ ਛੋਟ ਦਿੱਤੀ ਜਾਵੇਗੀ।

ਸ) ਪੰਜਾਬ ਦੇ ਸਾਬਕਾ ਫੌਜੀਆਂ ਦੇ ਕੇਸ ਵਿੱਚ ਉਪਰਲੀ ਉਮਰ ਸੀਮਾ Punjab Recruitment of Ex-servicemen Rules, 1982 ਵਿੱਚ ਸਮੇਂ-ਸਮੇਂ ਹੋਈਆਂ ਸੋਧਾਂ ਅਨੁਸਾਰ ਹੋਵੇਗੀ। ਇਹ ਉਮਰ ਸੀਮਾ ਉਨ੍ਹਾਂ ਦੀ ਫੌਜ ਵਿਚ ਕੀਤੀ ਸੇਵਾ ਦਾ ਸਮਾਂ ਉਨ੍ਹਾਂ ਦੀ ਉਮਰ ਵਿਚੋਂ ਘਟਾਉਣ ਤੋ ਬਾਅਦ ਬਾਕੀ ਬਚੀ ਉਮਰ ਜੇਕਰ ਸੇਵਾ ਰੂਲਾਂ ਅਨਸਾਰ ਆਸਾਮੀ ਦੀ ਉਪਰਲੀ ਸੀਮਾ ਤੋਂ 3 ਸਾਲ ਤੋਂ ਵੱਧ ਨਹੀਂ ਹੋਵੇਗੀ ਤਾਂ ਮੰਨਿਆ ਜਾਵੇਗਾ ਕਿ ਉਹ ਉਮਰ ਸੀਮਾ ਦੀਆਂ ਸ਼ਰਤਾਂ ਪੂਰੀਆਂ ਕਰਦਾ ਹੈ।

ਹ) ਪੰਜਾਬ ਦੇ ਵਸਨੀਕ ਅੰਗਹੀਣਾਂ ਦੀ ਉਪਰਲੀ ਉਮਰ ਸੀਮਾ ਵਿੱਚ ਵੀ 47 ਸਾਲ ਤੱਕ ਛੋਟ ਦਿੱਤੀ ਜਾਵੇਗੀ ।

9. ਫੀਸ ਸਬੰਧੀ ਵੇਰਵਾ:-

| | |
|---|---|
| ਜਨਰਲ ਕੈਟਾਗਰੀ | 600/- ਰੁਪਏ |
| ਐਸ.ਸੀ/ਬੀ.ਸੀ. | 150/- ਰੁਪਏ |
| ਸਾਬਕਾ ਫੌਜੀ ਅਤੇ ਆਸਰਿਤ | 100/- ਰੁਪਏ |
| ਅੰਗਹੀਣ | 300/- ਰੁਪਏ |

10. <u>ਪ੍ਰਤੀ ਬੇਨਤੀ ਭੇਜਣ ਸਬੰਧੀ</u>

ਉਮੀਦਵਾਰ ਬੋਰਡ ਦੀ ਵੈਬਸਾਈਟ www.punjabsssb.gov.in ਤੇ ਕੇਵਲ ਆਨਲਾਈਨ ਹੀ ਅਪਲਾਈ ਕਰ ਸਕਦੇ ਹਨ। ਹੋਰ ਕਿਸੇ ਵੀ ਵਿਧੀ ਰਾਹੀਂ ਭੇਜੀ ਗਈ ਅਰਜੀ ਰੱਦ ਸਮਝੀ ਜਾਵੇਗੀ।

11. ਕੈਟਾਗਰੀ ਕੋਡ(Category codes):

| | |
|---|---|
| 101 | General |
| 102 | S.C (M & B) |
| 103 | S.C (Ramdasia & others ) |
| 104 | B.C |
| 105 | ESM Gen. (self ) |
| 106 | ESM Gen. (D ) |
| 107 | ESM SC (self ) |
| 108 | ESM SC. (D ) |
| 109 | ESM .BC (self ) |
| 110 | ESM BC. (D ) |
| 111 | Sports Gen. |
| 112 | Sports SC |
| 113 | Physical Handicapped (ortho) |
| 114 | Physical Handicapped (Visual impaired ) |
| 115 | Physical Handicapped (Hearing impaired ) |
| 116 | Freedom Fighter |

ੳ) ਉਮੀਦਵਾਰ ਕੈਟਾਗਰੀ ਕੋਡ ਦਾ ਖਿਆਲ ਰੱਖਦੇ ਹੋਏ ਫਾਰਮ ਧਿਆਨ ਨਾਲ ਭਰਨ ਕਿਉਂਕਿ ਕਿਸੇ ਵੀ ਸਟੇਜ ਤੇ ਇਹ ਕੋਡ ਤਬਦੀਲ ਨਹੀਂ ਕੀਤਾ ਜਾ ਸਕੇਗਾ।

ਅ) ਰਾਖਵਾਂਕਰਨ ਦਾ ਲਾਭ ਕੇਵਲ ਪੰਜਾਬ ਦੇ ਵਸਨੀਕਾਂ ਨੂੰ ਮਿਲਣਯੋਗ ਹੋਵੇਗਾ, ਇਸ ਲਈ ਕੈਟਾਗਰੀ ਕੋਡ ਭਰਨ ਸਮੇਂ ਉਮੀਦਵਾਰ ਆਪ ਹੀ ਧਿਆਨ ਰੱਖੇਗਾ। ਉਮੀਦਵਾਰਾਂ ਵੱਲੋਂ ਆਨਲਾਈਨ ਭਰੇ ਗਏ ਫਾਰਮ ਵਿਚ ਦਰਜ ਕੋਡ ਦੇ ਆਧਾਰ ਤੇ ਹੀ ਉਸ ਦੀ ਪਾਤਰਤਾ ਬਾਰੇ ਵਿਚਾਰ ਕੀਤਾ ਜਾਵੇਗਾ।

ੲ) ਰਾਖਵਾਂਕਰਨ ਦਾ ਲਾਭ ਲੈਣ ਲਈ ਉਮੀਦਵਾਰ ਪੰਜਾਬ ਦਾ ਰੈਜੀਡੈਂਟ ਹੋਣ ਦਾ ਤਾਜ਼ਾ ਜਾਰੀ ਹੋਇਆ ਸਰਟੀਫਿਕੇਟ ਵੀ ਅਪਲੋਡ ਕਰਨਗੇ।

12. ਉਮੀਦਵਾਰ ਨੂੰ ਅਯੋਗ ਠਹਿਰਾਉਣ ਸਬੰਧੀ ਸੰਖੇਪ ਸ਼ਰਤਾਂ:-

ੳ) ਪੂਰੀ ਫੀਸ ਦਾ ਪ੍ਰਾਪਤ ਨਾ ਹੋਣਾ ਜਾਂ ਨਿਰਧਾਰਤ ਵਿਧੀ ਅਨੁਸਾਰ ਫੀਸ ਜਮ੍ਹਾਂ ਨਾ ਕਰਵਾਉਣਾ;
ਅ) ਪ੍ਰਤੀਬੇਨਤੀ/ਫਾਰਮ ਵਿਚ ਅਧੂਰੀ ਜਾਂ ਗਲਤ ਸੂਚਨਾ ਦੇਣਾ;
ੲ) ਅਧੀਨ ਸੇਵਾਵਾਂ ਚੋਣ ਬੋਰਡ ਜਾਂ ਕਿਸੇ ਹੋਰ ਸੰਸਥਾ ਵੱਲੋਂ ਅਯੋਗ ਕਰਾਰ ਦਿੱਤਾ ਹੋਣਾ;
ਸ) ਵਿਦਿਅਕ ਯੋਗਤਾ ਜਾਂ ਉਮਰ ਆਦਿ ਸਬੰਧੀ ਸ਼ਰਤਾਂ ਦਾ ਪੂਰਾ ਨਾ ਹੋਣਾ।
ਹ) ਆਨਲਾਈਨ ਤੋਂ ਇਲਾਵਾ ਕਿਸੇ ਹੋਰ ਵਿਧੀ ਰਾਹੀਂ ਪ੍ਰਾਪਤ ਹੋਈ ਅਰਜੀ ਜਾਂ ਆਨਲਾਈਨ ਦਾ ਪ੍ਰੋਸੈਸ ਅਧੂਰਾ ਹੋਣਾ।

13. ਰਿਜਰਵੇਸ਼ਨ ਸਰਟੀਫਿਕੇਟ:-

ੳ) ਅਨੁਸੂਚਿਤ ਜਾਤੀ/ਪੱਛੜੀ ਸ਼੍ਰੇਣੀ ਦਾ ਸਰਟੀਫਿਕੇਟ ਭਲਾਈ ਵਿਭਾਗ, ਪੰਜਾਬ ਸਰਕਾਰ ਦੀਆਂ ਪ੍ਰਚੱਲਤ ਹਦਾਇਤਾਂ ਅਨੁਸਾਰ ਅਤੇ ਸਾਬਕਾ ਫੌਜੀਆਂ ਦਾ ਸਰਟੀਫਿਕੇਟ ਉਨ੍ਹਾਂ ਦੇ ਸਬੰਧਤ ਵਿਭਾਗ ਦੀਆਂ ਪ੍ਰਚੱਲਤ ਹਦਾਇਤਾਂ ਅਨੁਸਾਰ ਹੋਵੇਗਾ।

ਅ) ਵੱਖ-ਵੱਖ ਕੈਟਾਗਰੀਆਂ ਐਸ.ਸੀ/ਬੀ.ਸੀ., ਸਾਬਕਾ ਫੌਜੀ, ਕੈਟਾਗਰੀ ਨਾਲ ਸਬੰਧਤ ਉਮੀਦਵਾਰ ਅਪਲਾਈ ਕਰਨ ਦੀ ਮਿਤੀ ਤੋਂ ਪਹਿਲਾਂ ਦਾ ਸਮਰੱਥ ਅਧਿਕਾਰੀ ਵੱਲੋਂ ਜਾਰੀ ਕੀਤਾ ਹੋਇਆ ਸਰਟੀਫਿਕੇਟ ਸਬੂਤ ਵਜੋਂ ਕੌਂਸਲਿੰਗ ਸਮੇਂ ਪੇਸ ਕਰਨਗੇ।

14. ਚੋਣ ਵਿਧੀ:-

ਉਮੀਦਵਾਰਾਂ ਦੀ ਮੈਰਿਟ ਸਬੰਧਤ ਆਸਾਮੀ ਲਈ ਨਿਰਧਾਰਤ ਮੁੱਢਲੀ ਯੋਗਤਾ ਵਿੱਚ ਪ੍ਰਾਪਤ ਅੰਕਾਂ ਦੀ ਪ੍ਰਤੀਸ਼ਤਤਾ ਆਧਾਰ ਤੇ ਤਿਆਰ ਕੀਤੀ ਜਾਵੇਗੀ ਅਤੇ ਉਮੀਦਵਾਰਾਂ ਨੂੰ ਕਾਉਂਸਲਿੰਗ ਲਈ ਬੋਰਡ ਵਲੋਂ ਲਏ ਜਾਣ ਵਾਲੇ ਫੈਸਲੇ ਅਨੁਸਾਰ ਸੱਦਿਆ ਜਾਵੇਗਾ।

| ਲੜੀ ਨੰ: | ਆਸਾਮੀ ਦਾ ਨਾਂ | ਚੋਣ ਵਿਧੀ |
|---|---|---|
| 1. | ਖੇਤੀਬਾੜੀ ਉਪ ਨਿਰੀਖਕ | ਮੈਰਿਟ ਸੀਨੀਅਰ ਸੈਕੰਡਰੀ (10+2) ਵਿਚ ਪ੍ਰਾਪਤ ਅੰਕਾਂ ਦਾ 50 ਪ੍ਰਤੀਸਤ ਅਤੇ ਦੋ ਸਾਲਾ ਐਗਰੀਕਲਚਰ ਡਿਪਲੋਮਾ/ਖੇਤੀਬਾੜੀ ਵਿਚ ਗ੍ਰੈਜੂਏਸਨ ਦੇ ਪ੍ਰਾਪਤ ਅੰਕਾਂ ਦਾ 50 ਪ੍ਰਤੀਸ਼ਤ ਨੂੰ ਜੋੜ ਕੇ ਤਿਆਰ ਕੀਤੀ ਜਾਵੇਗੀ। |
| 2. | ਫੌਰੈਸਟਰ | ਮੈਰਿਟ ਸੀਨੀਅਰ ਸੈਕੰਡਰੀ ਪਾਰਟ-II ਵਿਚ ਪ੍ਰਾਪਤ ਅੰਕਾਂ ਦੀ ਪ੍ਰਤੀਸ਼ਤਤਾ ਦੇ ਆਧਾਰ ਤੇ ਤਿਆਰ ਕੀਤੀ ਜਾਵੇਗੀ। |
| 3. | ਭਲਾਈ ਕਰਮਚਾਰੀ | ਮੈਰਿਟ ਮੈਟ੍ਰਿਕ ਜਾਂ ਇਸ ਦੇ ਬਰਾਬਰ ਦਾ ਇੰਡੀਅਨ ਆਰਮੀ ਸਪੈਸਲ ਸਰਟੀਫਿਕੇਟ ਆਫ ਐਜੂਕੇਸਨ ਵਿਚੋਂ ਪ੍ਰਾਪਤ ਅੰਕਾਂ ਦੀ ਪ੍ਰਤੀਸਤਤਾ ਦੇ ਆਧਾਰ ਤੇ ਤਿਆਰ ਕੀਤੀ ਜਾਵੇਗੀ |
| 4. | ਜਿਲਦ ਸਾਜ਼ | ਮੈਰਿਟ ਮੈਟ੍ਰਿਕ ਵਿਚ ਪ੍ਰਾਪਤ ਅੰਕਾਂ ਦੀ ਪ੍ਰਤੀਸਤਤਾ ਦੇ ਆਧਾਰ ਤੇ ਤਿਆਰ ਕੀਤੀ ਜਾਵੇਗੀ |
| 5. | ਸੈਰੀਕਲਚਰ ਉਪਰੇਟਰ | ਮੈਰਿਟ ਸੀਨੀਅਰ ਸੈਕੰਡਰੀ(10+2) ਵਿਚ ਪ੍ਰਾਪਤ ਅੰਕਾਂ ਦੀ ਪ੍ਰਤੀਸਤਤਾ ਦੇ ਆਧਾਰ ਤੇ ਤਿਆਰ ਕੀਤੀ ਜਾਵੇਗੀ |
| 6. | ਸੈਰੀਕਲਚਰ ਪ੍ਰਮੋਸ਼ਨ ਅਫਸਰ | ਮੈਰਿਟ ਸੀਨੀਅਰ ਸੈਕੰਡਰੀ(10+2) ਵਿਚ ਪ੍ਰਾਪਤ ਅੰਕਾਂ ਦੀ ਪ੍ਰਤੀਸਤਤਾ ਦੇ ਆਧਾਰ ਤੇ ਤਿਆਰ ਕੀਤੀ ਜਾਵੇਗੀ |
| 7. | ਸੀਨੀਅਰ ਸੈਰੀਕਲਚਰ ਪ੍ਰਮੋਸ਼ਨ ਅਫਸਰ | ਮੈਰਿਟ ਗ੍ਰੈਜੂਏਸਨ ਵਿਚ ਪ੍ਰਾਪਤ ਅੰਕਾਂ ਦੀ ਪ੍ਰਤੀਸਤਤਾ ਦੇ ਆਧਾਰ ਤੇ ਤਿਆਰ ਕੀਤੀ ਜਾਵੇਗੀ |
| 8. | ਮੈਨੇਜਰ ਸੈਰੀਕਲਚਰ | ਮੈਰਿਟ ਗ੍ਰੈਜੂਏਸਨ ਵਿਚ ਪ੍ਰਾਪਤ ਅੰਕਾਂ ਦੀ ਪ੍ਰਤੀਸਤਤਾ ਦੇ ਆਧਾਰ ਤੇ ਤਿਆਰ ਕੀਤੀ ਜਾਵੇਗੀ |
| 9. | ਲੈਬਾਰਟਰੀ ਸਹਾਇਕ | ਮੈਰਿਟ ਸੀਨੀਅਰ ਸੈਕੰਡਰੀ(10+2) ਵਿਚ ਪ੍ਰਾਪਤ ਅੰਕਾਂ ਦੀ ਪ੍ਰਤੀਸਤਤਾ ਦੇ ਆਧਾਰ ਤੇ ਤਿਆਰ ਕੀਤੀ ਜਾਵੇਗੀ |
| 10. | ਜੂਨੀਅਰ ਟੈਕਨੀਸ਼ੀਅਨ | ਮੈਰਿਟ ਸੀਨੀਅਰ ਸੈਕੰਡਰੀ (10+2) ਵਿਚ ਪ੍ਰਾਪਤ ਅੰਕਾਂ ਦਾ 50 ਪ੍ਰਤੀਸਤ ਅਤੇ ਨਿਰਧਾਰਤ ਤਕਨੀਕੀ ਯੋਗਤਾ ਦੇ ਅੰਕਾਂ ਦਾ 50 ਪ੍ਰਤੀਸ਼ਤ ਨੂੰ ਜੋੜ ਕੇ ਤਿਆਰ ਕੀਤੀ ਜਾਵੇਗੀ। |
| 11. | ਬਾਗਬਾਨੀ ਉਪ ਨਿਰੀਖਕ | ਮੈਰਿਟ ਮੈਟਰਿਕ ਵਿਚ ਪ੍ਰਾਪਤ ਅੰਕਾਂ ਦਾ 50 ਪ੍ਰਤੀਸਤ ਅਤੇ ਨਿਰਧਾਰਤ ਪ੍ਰੋਫੈਸ਼ਨਲ ਯੋਗਤਾ ਦੇ ਅੰਕਾਂ ਦਾ 50 ਪ੍ਰਤੀਸ਼ਤ ਨੂੰ ਜੋੜ ਕੇ ਤਿਆਰ ਕੀਤੀ ਜਾਵੇਗੀ। |
| 12. | ਕਲਰਕ-ਕਮ-ਗਾਈਡ | ਮੈਰਿਟ ਗ੍ਰੈਜੂਏਸ਼ਨ ਵਿਚ ਪ੍ਰਾਪਤ ਅੰਕਾਂ ਦਾ 50 ਪ੍ਰਤੀਸਤ ਅਤੇ ਨਿਰਧਾਰਤ ਪ੍ਰੋਫੈਸ਼ਨਲ ਯੋਗਤਾ ਦੇ ਅੰਕਾਂ ਦਾ 50 ਪ੍ਰਤੀਸ਼ਤ ਨੂੰ ਜੋੜ ਕੇ ਤਿਆਰ ਕੀਤੀ ਜਾਵੇਗੀ। |
| 13. | ਜੂਨੀਅਰ ਫੀਲਡ ਇੰਨਵੈਸਟੀਗੇਟਰ | ਮੈਰਿਟ ਗ੍ਰੈਜੂਏਸ਼ਨ ਵਿਚ ਪ੍ਰਾਪਤ ਅੰਕਾਂ ਦੇ ਅਧਾਰ ਤੇ ਤਿਆਰ ਕੀਤੀ ਜਾਵੇਗੀ। |
| 14. | ਜੂਨੀਅਰ ਆਡੀਟਰ | ਮੈਰਿਟ ਬੀ.ਕਾਮ ਵਿਚ ਪ੍ਰਾਪਤ ਅੰਕਾਂ ਦੇ ਆਧਾਰ ਤੇ ਤਿਆਰ ਕੀਤੀ ਜਾਵੇਗੀ। ਜਿਹੜੇ ਉਮੀਦਵਾਰਾਂ ਨੇ ਬੀ. ਕਾਮ ਤੋ ਇਲਾਵਾ ਕਿਸੇ ਹੋਰ ਸਟਰੀਮ ਰਾਹੀਂ ਗ੍ਰੈਜੂਏਸ਼ਨ ਕਰਨ ਉਪਰੰਤ ਐਮ.ਕਾਮ ਕੀਤੀ ਹੋਵੇਗੀ, ਉਨ੍ਹਾਂ ਦੀ ਮੈਰਿਟ ਐਮ. ਕਾਮ ਨੂੰ ਮੁੱਢਲੀ ਯੋਗਤਾ ਮੰਨਦੇ ਹੋਏ ਪ੍ਰਾਪਤ ਅੰਕਾਂ ਦੇ ਆਧਾਰ ਤੇ ਤਿਆਰ ਕੀਤੀ ਜਾਵੇਗੀ। |
| 15. | ਖੇਤੀਬਾੜੀ ਉਪ ਨਿਰੀਖਕ | ਮੈਰਿਟ ਮੈਟਰਿਕ ਵਿਚ ਪ੍ਰਾਪਤ ਅੰਕਾਂ ਦਾ 50 ਪ੍ਰਤੀਸਤ ਅਤੇ ਨਿਰਧਾਰਤ ਪ੍ਰੋਫੈਸ਼ਨਲ ਯੋਗਤਾ ਦੇ ਅੰਕਾਂ ਦਾ 50 ਪ੍ਰਤੀਸ਼ਤ ਨੂੰ ਜੋੜ ਕੇ ਤਿਆਰ ਕੀਤੀ ਜਾਵੇਗੀ। |
| 16. | ਸਰਵੇਅਰ | ਮੈਰਿਟ ਮੈਟਰਿਕ ਵਿਚ ਪ੍ਰਾਪਤ ਅੰਕਾਂ ਦਾ 50 ਪ੍ਰਤੀਸਤ ਅਤੇ ਨਿਰਧਾਰਤ ਤਕਨੀਕੀ ਯੋਗਤਾ ਦੇ ਅੰਕਾਂ ਦਾ 50 ਪ੍ਰਤੀਸ਼ਤ ਨੂੰ ਜੋੜ ਕੇ ਤਿਆਰ ਕੀਤੀ ਜਾਵੇਗੀ। |
| 17. | ਆਟੋ ਇਲੈਕਟਰੀਸਨ | ਮੈਰਿਟ ਮੈਟਰਿਕ ਵਿਚ ਪ੍ਰਾਪਤ ਅੰਕਾਂ ਦਾ 50 ਪ੍ਰਤੀਸਤ ਅਤੇ ਨਿਰਧਾਰਤ ਤਕਨੀਕੀ ਯੋਗਤਾ ਦੇ ਅੰਕਾਂ ਦਾ 50 ਪ੍ਰਤੀਸ਼ਤ ਨੂੰ ਜੋੜ ਕੇ ਤਿਆਰ ਕੀਤੀ ਜਾਵੇਗੀ। |

15. ਜਨਰਲ ਹਦਾਇਤਾਂ:-

ੳ) ਉਮੀਦਵਾਰ ਬੋਰਡ ਦੀ ਵੈਬਸਾਈਟ ਤੇ latest updates ਲਈ ਆਪ ਹੀ ਰੈਗੂਲਰ ਤੌਰ ਤੇ ਚੈਕ ਕਰਦੇ ਰਹਿਣਗੇ।

ਅ) ਐਪਲੀਕੇਸ਼ਨ ਫਾਰਮ ਭਰਨ ਸਮੇਂ ਕਿਸੇ ਵੀ ਗਲਤੀ ਲਈ ਉਮੀਦਵਾਰ ਆਪ ਜਿੰਮੇਵਾਰ ਹੋਵੇਗਾ। ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਦੀ ਇਸ ਸਬੰਧੀ ਕੋਈ ਜਿਮੇਵਾਰੀ ਨਹੀਂ ਹੋਵੇਗੀ।

ੲ) ਆਨਲਾਈਨ ਅਪਲਾਈ ਕਰਨ ਸਮੇਂ ਉਮੀਦਵਾਰ ਨੂੰ ਸਾਈਬਰ ਕੈਫੇ ਅਟੈਂਡੈਂਟ ਦੀ ਮੱਦਦ ਲੈਣ ਸਮੇਂ ਆਪਣਾ ਫਾਰਮ ਆਪ ਭਰਨ ਦੀ ਸਲਾਹ ਦਿੱਤੀ ਜਾਂਦੀ ਹੈ। ਐਪਲੀਕੇਸ਼ਨ ਫਾਰਮ ਵਿਚ ਇਕ ਵਾਰ ਡਾਟਾ ਭਰਨ ਤੋਂ ਬਾਅਦ ਉਸ ਵਿਚ ਕੋਈ ਤਬਦੀਲੀ ਕਰਨ ਦੀ ਆਗਿਆ ਨਹੀਂ ਹੋਵੇਗੀ ਅਤੇ ਕਿਸੇ ਵੀ ਕਾਲਮ ਜਾਂ ਫਾਰਮ ਵਿਚ ਅਧੂਰੇ ਵੇਰਵੇ ਹੋਣ ਦੀ ਸੂਰਤ ਵਿਚ ਫਾਰਮ ਰੱਦ ਸਮਝੇ ਜਾਣਗੇ । ਅਪਲਾਈ ਕਰਨ ਸਮੇਂ ਉਮੀਦਵਾਰ ਲੋੜੀਂਦੇ ਸਰਟੀਫਿਕੇਟ ਸਕੈਨ ਕਰਕੇ ਨਾਲ ਹੀ ਅਪਲੋਡ ਕਰਨਗੇ।

ਸ) ਉਮੀਦਵਾਰ ਇਹ ਵੀ ਤਸਦੀਕ ਕਰਨਗੇ ਕਿ ਉਹ ਜਿਸ ਆਸਾਮੀ ਲਈ ਅਪਲਾਈ ਕਰ ਰਿਹਾ ਹੈ, ਉਸ ਦੀ ਪਾਤਰਤਾ ਲਈ ਨਿਰਧਾਰਤ ਸ਼ਰਤਾਂ ਪੂਰੀਆਂ ਕਰਦਾ ਹੈ। ਨਿਯੁਕਤੀ ਲਈ ਚੋਣ ਉਸ ਦੀ ਪਾਤਰਤਾ ਹੋਣ ਤੇ ਹੀ ਹੋਵੇਗੀ ਅਤੇ ਕਾਊਂਸਲਿੰਗ ਸਮੇਂ ਉਮੀਦਵਾਰ ਵੱਲੋਂ ਅਸਲ ਦਸਤਾਵੇਜਾਂ ਦੇ ਆਧਾਰ ਤੇ ਉਮਰ, ਵਿਦਿਅਕ ਯੋਗਤਾ ਅਤੇ ਲੋੜੀਂਦੇ ਦਸਤਾਵੇਜਾਂ ਸਬੰਧੀ ਤਸਦੀਕ ਕਰਨੀ ਹੋਵੇਗੀ। ਕਿਸੇ ਵੀ ਦਸਤਾਵੇਜ ਦੀ ਅਣਹੋਂਦ ਵਿਚ ਉਮੀਦਵਾਰ ਨੂੰ ਨਿਯੁਕਤੀ/ਭਰਤੀ ਲਈ ਨਹੀਂ ਵਿਚਾਰਿਆ ਜਾਵੇਗਾ।

ਹ) ਉਮੀਦਵਾਰ ਆਪਣੀ ਕੈਟਾਗਰੀ ਧਿਆਨਪੂਰਵਕ ਭਰਨ, ਇਕ ਵਾਰੀ ਭਰੀ ਗਈ ਕੈਟਾਗਰੀ ਤਬਦੀਲੀ ਯੋਗ ਨਹੀਂ ਹੋਵੇਗੀ।

ਕ) ਵੱਖ-ਵੱਖ ਵਰਗਾਂ ਵਿਚ ਆਸਾਮੀਆਂ ਉਸ ਵਰਗ ਵਿਚ ਆਸਾਮੀ ਦੀ ਉਪਲਬਧਤਾ ਅਧੀਨ ਭਰੀਆਂ ਜਾਣਗੀਆਂ।

ਖ) ਇਸ਼ਤਿਹਾਰ ਵਿਚ ਦਿੱਤੀਆਂ ਆਸਾਮੀਆਂ ਦੀ ਗਿਣਤੀ ਘਟਾਈ/ਵਧਾਈ ਜਾ ਸਕਦੀ ਹੈ।

ਗ) ਕਾਊਂਸਲਿੰਗ ਲਈ ਬੁਲਾਏ ਜਾਣ ਨਾਲ ਉਮੀਦਵਾਰ, ਸਿਫਾਰਸ਼ ਲਈ ਅਧਿਕਾਰੀ ਨਹੀਂ ਬਣ ਜਾਵੇਗਾ।

ਘ) ਉਮੀਦਵਾਰ ਕਾਊਂਸਲਿੰਗ ਵੇਲੇ ਆਪਣੇ ਸਾਰੇ ਅਸਲ ਵਿਦਿਅਕ/ਤਕਨੀਕੀ ਯੋਗਤਾ ਅਤੇ ਸ਼੍ਰੇਣੀ ਆਦਿ ਨਾਲ ਸਬੰਧਤ ਸਰਟੀਫਿਕੇਟ ਅਤੇ ਉਨ੍ਹਾਂ ਦੀਆਂ ਤਸਦੀਕਸ਼ੁਦਾ ਕਾਪੀਆਂ ਲਿਆਉਣਗੇ। ਇਹ ਸਾਰੇ ਦਸਤਾਵੇਜ ਅਪਲਾਈ ਕਰਨ ਦੀ ਮਿਤੀ ਤੋਂ ਪਹਿਲਾਂ ਦੇ ਹੋਣੇ ਚਾਹੀਦੇ ਹਨ।

ਙ) ਉਮੀਦਵਾਰ ਵੱਲੋਂ ਉਪਲਬਧ ਕਰਵਾਏ ਕਿਸੇ ਵੀ ਦਸਤਾਵੇਜ ਦੇ ਗਲਤ ਸਾਬਤ ਹੋਣ ਤੇ ਉਸ ਦਾ ਨਾਂ ਮੈਰਿਟ ਸੂਚੀ ਵਿਚੋਂ ਕੱਢ ਦਿੱਤਾ ਜਾਵੇਗਾ, ਜਿਸ ਲਈ ਉਸ ਵਿਰੁੱਧ ਬਣਦੀ ਕਾਨੂੰਨੀ ਕਾਰਵਾਈ ਵੀ ਕੀਤੀ ਜਾ ਸਕਦੀ ਹੈ।

ਚ) ਯੋਗਤਾ ਦੀ ਬਰਾਬਰਤਾ ਵਿਵਾਦ ਦੇ ਮਾਮਲੇ ਵਿਚ ਇਸ ਉਦੇਸ਼ ਵਾਸਤੇ ਅਧੀਨ ਸੇਵਾਵਾਂ ਚੋਣ ਬੋਰਡ ਦੁਆਰਾ ਗਠਿਤ ਹਾਈ ਪਾਵਰ ਐਕਸਪਰਟ ਕਮੇਟੀ ਦੁਆਰਾ ਫੈਸਲਾ ਕੀਤਾ ਜਾਵੇਗਾ, ਜਿਸ ਦਾ ਫੈਸਲਾ ਅੰਤਿਮ ਅਤੇ ਸਭ ਤੇ ਲਾਗੂ ਹੋਵੇਗਾ।

ਛ) ਕਾਊਂਸਲਿੰਗ ਸਮੇਂ ਜੇਕਰ ਕਿਸੇ ਉਮੀਦਵਾਰ ਵੱਲੋਂ ਯੋਗਤਾ ਆਦਿ ਸਬੰਧੀ ਅਸਲ ਦਸਤਾਵੇਜ ਪੇਸ਼ ਨਹੀਂ ਕੀਤੇ ਜਾਂਦੇ ਤਾਂ ਉਸ ਦਾ ਨਿਯੁਕਤੀ ਲਈ ਕੋਈ ਹੱਕ ਨਹੀਂ ਹੋਵੇਗਾ ਅਤੇ ਮੈਰਿਟ ਵਿਚ ਉਸ ਤੋਂ ਅਗਲੇ ਉਮੀਦਵਾਰ ਨੂੰ ਵਿਚਾਰਦੇ ਹੋਏ ਆਸਾਮੀ ਸਬੰਧੀ ਢੁੱਕਵੀਂ ਸਿਫਾਰਸ਼ ਵਿਭਾਗ ਨੂੰ ਕਰ ਦਿੱਤੀ ਜਾਵੇਗੀ।

ਜ) ਕਾਊਂਸਲਿੰਗ ਲਈ ਆਉਣ ਵਾਲੇ ਉਮੀਦਵਾਰ ਨੂੰ ਕੋਈ ਟੀ.ਏ./ਡੀ.ਏ. ਅਦਾ ਨਹੀਂ ਕੀਤਾ ਜਾਵੇਗਾ।

ਝ) ਉਮੀਦਵਾਰ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਬੋਰਡ ਵੱਲੋਂ ਸਮੇਂ ਸਮੇਂ ਤੇ ਜਾਰੀ ਕੀਤੇ ਨੋਟਿਸਾਂ ਅਤੇ ਕਾਊਂਸਲਿੰਗ ਆਦਿ ਸਬੰਧੀ ਵੈਬਸਾਈਟ ਤੇ ਆਪ ਹੀ ਧਿਆਨ ਰੱਖਣਗੇ ਅਤੇ ਉਨ੍ਹਾਂ ਨੂੰ ਵੱਖਰੇ ਤੌਰ ਤੇ ਕੋਈ ਸੂਚਨਾ ਨਹੀਂ ਭੇਜੀ ਜਾਵੇਗੀ।

ਞ) ਕਿਸੇ ਵੀ ਮਦਦ ਲਈ ਕੰਮ ਵਾਲੇ ਸਮੇਂ ਦੌਰਾਨ ਪੰਜਾਬ ਅਧੀਨ ਸੇਵਾਵਾਂ ਚੋਣ ਬੋਰਡ ਦੇ ਟੈਲੀਫੋਨ ਨੰ:0172-2298000- **Ext. 5103, 5106, 5107** ਤੇ ਸੰਪਰਕ ਕੀਤਾ ਜਾ ਸਕਦਾ ਹੈ।

## 15. ਅਪਲਾਈ ਕਰਨ ਦੀ ਵਿਧੀ

1. ਉਮੀਦਵਾਰ ਬੋਰਡ ਦੀ ਵੈਬਸਾਈਟ www.punjabsssb.gov.in ਤੇ ਮਿਤੀ 11/01/2016 ਤੋਂ 10/02/2016 ਤੱਕ ਆਨਲਾਈਨ ਅਪਲਾਈ ਕਰਨਗੇ ਅਤੇ ਬੈਂਕ ਵਿੱਚ ਫੀਸ ਜਮਾਂ ਕਰਵਾਉਣ ਦੀ ਆਖਰੀ ਮਿਤੀ 15/02/2016 ਹੋਵੇਗੀ। ਫੀਸ ਜਮਾਂ ਕਰਵਾਉਣ ਉਪਰੰਤ ਉਮੀਦਵਾਰ ਆਪਣੀ ਪਾਸਪੋਰਟ ਸਾਈਜ ਫੋਟੋਗਰਾਫ, ਹਸਤਾਖਰ ਅਤੇ ਲੋੜੀਂਦੀ ਵਿਦਿਅਕ ਯੋਗਤਾ ਅਤੇ ਕੈਟਾਗਰੀ ਆਦਿ ਨਾਲ ਸਬੰਧੀ ਸਰਟੀਫਿਕੇਟ ਸਕੈਨ ਕਰਕੇ ਮਿਤੀ 18/02/2016 ਨੂੰ 23.59 ਵਜੇ ਤੱਕ ਅਪਲੋਡ ਕਰਨਗੇ।

2. ਉਮੀਦਵਾਰ ਆਨਲਾਈਨ ਅਪਲਾਈ ਕਰਨ ਸਬੰਧੀ ਆਈ.ਡੀ. generate ਹੋਣ ਤੋਂ ਅਗਲੇ ਦਿਨ 11.00 ਵਜੇ ਤੋਂ ਬਾਅਦ ਅਪਲਾਈ ਕਰਨ ਦੀ ਆਖਰੀ ਮਿਤੀ ਤੱਕ ਸਟੇਟ ਬੈਂਕ ਆਫ ਇੰਡੀਆ ਦੀ ਕਿਸੇ ਸਾਖਾ ਵਿੱਚ ਫੀਸ ਜਮ੍ਹਾਂ ਕਰਵਾ ਸਕਦਾ ਹੈ।

3. ਫੀਸ ਜਮਾਂ ਕਰਵਾਉਣ ਤੋਂ ਅਗਲੇ ਦਿਨ ਉਮੀਦਵਾਰ ਆਪਣੀ ਪਾਸਪੋਰਟ ਸਾਈਜ ਫੋਟੋਗਰਾਫ, ਹਸਤਾਖਰ ਅਤੇ ਲੋੜੀਂਦੀ ਵਿਦਿਅਕ ਯੋਗਤਾ ਅਤੇ ਕੈਟਾਗਰੀ ਸਬੰਧੀ ਸਰਟੀਫਿਕੇਟ ਸਕੈਨ ਕਰਕੇ ਅਪਲੋਡ ਕਰਨਗੇ। ਰਿਜਰਵ ਕੈਟਾਗਰੀ ਦੇ ਕੈਂਡੀਡੇਟ ਪੰਜਾਬ ਦੇ ਵਸਨੀਕ ਹੋਣ ਦਾ ਸਰਟੀਫਿਕੇਟ ਵੀ ਅਪਲੋਡ ਕਰਨਗੇ। ਬਿਨ੍ਹਾਂ ਉਪਰੋਕਤ ਅਪਲੋਡਜ ਤੋਂ ਕੋਈ ਵੀ ਐਪਲੀਕੇਸ਼ਨ ਸਵੀਕਾਰ ਨਹੀਂ ਕੀਤੀ ਜਾਵੇਗੀ।

4) ਕਿਸੇ ਵੀ ਉਮੀਦਵਾਰ ਨੂੰ ਫੀਸ ਦੀ ਮੁਆਫੀ/ਛੋਟ ਨਹੀਂ ਦਿੱਤੀ ਜਾਵੇਗੀ ਅਤੇ ਫੀਸ ਨਾਂ ਭੇਜਣ ਦੀ ਹਾਲਤ ਵਿੱਚ ਉਸ ਦੀ ਪਾਤਰਤਾ ਰੱਦ ਸਮਝੀ ਜਾਵੇਗੀ।

5) ਕਿਸੇ ਹੋਰ ਵਿਧੀ ਰਾਹੀਂ ਭੇਜੀ ਗਈ ਅਰਜੀ ਜਾਂ ਜਮ੍ਹਾਂ ਕਰਵਾਈ ਗਈ ਫੀਸ ਨੂੰ ਵੈਲਿਡ ਨਹੀਂ ਮੰਨਿਆ ਜਾਵੇਗਾ ਅਤੇ ਉਮੀਦਵਾਰ ਦੀ ਅਰਜੀ ਰੱਦ ਹੋ ਜਾਵੇਗੀ।

ਮਿਤੀ: 29 ਦਸੰਬਰ, 2015

ਸਕੱਤਰ,
ਅਧੀਨ ਸੇਵਾਵਾਂ ਚੋਣ ਬੋਰਡ,ਪੰਜਾਬ।